WCB Workers' Compensation Board (ਕਰਮਚਾਰੀ ਮੁਆਵਜ਼ਾ ਬੋਰਡ) Alberta

PO Box 2415
Edmonton AB T5J 2S5
ਫੈਕਸ: **780-498-7776**

# ਸਿੱਧਾ ਜਮ੍ਹਾ ਬੇਨਤੀ/ਕਰਮਚਾਰੀ/ਜੀਵਨਸਾਥੀ/ਆਸ਼ਰਿਤ ਬੱਚਾ/ਟ੍ਰਸਟੀ ਲਈ ਬਦਲਾਵ

ਵਧੇਰੇ ਜਾਣਕਾਰੀ ਲਈ ਪਿੱਛੇ ਦੇਖੋ

## A ਕਾਰਵਾਈ ਬੇਨਤੀ

| ☐ ਸਿੱਧਾ ਜਮ੍ਹਾ ਸ਼ੁਰੂ ਕਰਨ ਦੀ ਤਾਰੀਖ *(ਸਾਲ / ਮਹੀਨਾ / ਦਿਨ)* | ☐ ਸਿੱਧਾ ਜਮ੍ਹਾ ਬਦਲਣ ਦੀ ਤਾਰੀਖ *(ਸਾਲ / ਮਹੀਨਾ / ਦਿਨ)* | ☐ ਸਿੱਧਾ ਜਮ੍ਹਾ ਖਤਮ ਕਰਨ ਦੀ ਤਾਰੀਖ *(ਸਾਲ / ਮਹੀਨਾ / ਦਿਨ)* |
|---|---|---|
| | | |

## B ਨਿੱਜੀ ਜਾਣਕਾਰੀ

WCB ਦਾਵਾ ਸੰਖਿਆ

| ਨਾਮ (ਕਿਰਪਾ ਕਰਕੇ ਪ੍ਰਿੰਟ ਕਰੋ) | ਜਨਮ ਤਾਰੀਖ *(ਸਾਲ / ਮਹੀਨਾ / ਦਿਨ)* | ਟੈਲੀਫੋਨ ਨੰਬਰ | |
|---|---|---|---|
| ਡਾਕ ਪਤਾ: *ਅਪਾਰਟਮੈਂਟ/ਯੂਨਿਟ ਸਟ੍ਰੀਟ* | *ਸ਼ਹਿਰ/ਕਸਬਾ* | *ਸੂਬਾ* | ਪੋਸਟਲ ਕੋਡ |

**ਬੈਕਿੰਗ ਜਾਣਕਾਰੀ ਸਾਰੇ ਭਵਿੱਖੀ ਭੁਗਤਾਨਾਂ ਅਤੇ ਦਾਅਵਿਆਂ ਲਈ ਉਦੋਂ ਤਕ ਇਸਤੇਮਾਲ ਕੀਤੀ ਜਾਏਗੀ ਜਦੋਂ ਤੱਕ WCB ਨੂੰ ਕਿਸੇ ਹੋਰ ਢੰਗ ਨਾਲ ਸੂਚਿਤ ਨਹੀਂ ਕੀਤਾ ਜਾਂਦਾ। ਜੇਕਰ ਤੁਹਾਡਾ ਬੈਂਕ ਖਾਤਾ ਬਦਲਦਾ ਹੈ ਤਾਂ ਤੁਰੰਤ WCB ਨਾਲ ਸੰਪਰਕ ਕਰੋ।**

## C ਸਿੱਧਾ ਜਮ੍ਹਾ ਜਾਣਕਾਰੀ *(ਇਹਨਾਂ ਚੋਣਾਂ ਵਿੱਚੋਂ ਇੱਕ ਭਰੋ)*

☐ **ਚਾਲੂ ਖਾਤਾ ਨਿਰਦੇਸ਼:**

- ਤੁਹਾਡੇ **ਬੈਂਕ ਵੱਲੋਂ ਪਹਿਲਾਂ ਪ੍ਰਿੰਟ ਕੀਤਾ ਚੈਕ** ਨੱਥੀ ਕਰੋ ਜਿਸ ਵਿੱਚ ਨਿਜੀ ਤੌਰ ਤੇ ਤੁਹਾਡਾ ਨਾਂ, ਪਤਾ ਅਤੇ ਬੈਂਕ ਖਾਤਾ ਲਿੱਖਿਆ ਹੋਵੇ।
- **ਚੈਕ** ਦੇ ਅਗਲੇ ਪਾਸੇ ਦੇ ਇੱਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤੱਕ VOID ਪ੍ਰਿੰਟ ਕਰੋ।
- ਭਰਿਆ ਹੋਇਆ ਫਾਰਮ ਆਪਣੇ VOID **ਚੈਕ** ਦੇ ਨਾਲ ਵਾਪਸ ਕਰੋ।

**ਜਾ**

☐ **ਬਚਤ/ਜਮ੍ਹਾ ਖਾਤਾ ਨਿਰਦੇਸ਼:**

- **ਜਦੋਂ ਪਹਿਲਾਂ ਪ੍ਰਿੰਟ ਕੀਤਾ void ਚੈਕ ਪ੍ਰਦਾਨ ਨਹੀਂ ਕੀਤਾ ਜਾਂਦਾ ਹੈ ਤਾਂ ਇਹ ਤੁਹਾਡੀ ਵਿੱਤੀ ਸੰਸਥਾ ਵੱਲੋਂ ਭਰਿਆ ਜਾਣਾ ਚਾਹੀਦਾ ਹੈ ਅਤੇ ਇਸ ਉੱਤੇ ਮੁਹਰ ਲਗਾਈ ਜਾਣੀ ਲਾਜ਼ਮੀ ਹੈ।**

| ਸ਼ਾਖਾ ਸੰਖਿਆ 5 ਅੱਖਰ | ਬੈਂਕ ਆਈ.ਡੀ. 3 ਅੱਖਰ | ਖਾਤਾ ਸੰਖਿਆ 12 ਅੱਖਰਾਂ ਤੱਕ ਹੋ ਸਕਦੀ ਹ |
|---|---|---|
| | 0 | |

**ਵਿੱਤੀ ਸੰਸਥਾ ਮੁਹਰ – ਇਸ ਵਿੱਚ ਵਿੱਤੀ ਸੰਸਥਾ ਦਾ ਨਾਂ ਅਤੇ ਪਤਾ ਸ਼ਾਮਿਲ ਹੈ**

ਖਾਤਾ ਧਾਰਕ (ਧਾਰਕਾਂ) ਦਾ (ਦੇ) ਨਾਮ

______________________

______________________

## D ਅਧਿਕਾਰ ਸੌਂਪਣਾ

ਮੈਂ ਕਰਮਚਾਰੀ ਮੁਆਵਜਾ ਬੋਰਡ ਨੂੰ ਉਹਨਾਂ ਵੱਲੋਂ ਮੈਨੂੰ ਪ੍ਰਾਪਤ ਹੋਣ ਵਾਲੇ ਭੁਗਤਾਨ (ਭੁਗਤਾਨਾਂ) ਨੂੰ ਉਪਰ ਦਰਸਾਏ ਬੈਂਕ ਖਾਤੇ ਵਿੱਚ ਜਮ੍ਹਾ ਕਰਨ ਦੇ ਇੰਤਜ਼ਾਮ ਕਰਨ ਦਾ ਅਧਿਕਾਰ ਦਿੰਦਾ ਹਾਂ।
ਮੈਂ ਸਮਝਦਾ ਹਾਂ ਕਿ ਜੇਕਰ ਮੈਂ ਆਪਣਾ ਬੈਂਕ ਖਾਤਾ ਬਦਲਦਾ ਜਾਂ ਬੰਦ ਕਰਦਾ ਹਾਂ ਤਾਂ ਮੈਨੂੰ ਲਾਜ਼ਮੀ ਤੌਰ ਤੇ Workers' Compensation Board ਨੂੰ ਸੂਚਿਤ ਕਰਨਾ ਚਾਹੀਦਾ ਹੈ।

| ਨਿਵੇਦਕ ਦੇ ਹਸਤਾਖਰ | ਪ੍ਰਿੰਟ ਕੀਤਾ ਨਾਮ | ਤਾਰੀਖ਼ | ਟੈਲੀਫੋਨ ਨੰਬਰ |
|---|---|---|---|
| | | | |

## E ਨਿਵੇਦਕ ਜੀਵਨਸਾਥੀ/ਟ੍ਰਸਟੀ/ਸਰਪਰਸਤ ਹ

☐ ਜੇਕਰ ਬੈਂਕ ਖਾਤਾ ਜਾਣਕਾਰੀ, ਸੈਕਸ਼ਨ A ਤੋਂ ਇਲਾਵਾ ਕਿਸੇ ਹੋਰ ਵੱਖ ਨਾਂ ਵਿੱਚ ਪ੍ਰਦਾਨ ਕੀਤੀ ਜਾਂਦੀ ਹੈ ਤਾਂ ਇਸ ਬਕਸੇ ਵਿੱਚ ਸਹੀ ਦਾ ਨਿਸ਼ਾਨ ਲਗਾਓ

ਮੈਂ, ਭੁਗਤਾਨ ਪ੍ਰਾਪਤ ਕਰਨ ਲਈ ਅਧਿਕਾਰਤ ਵਿਅਕਤੀ ਦੇ ਤੌਰ ਤੇ, ਜਦੋਂ ਤੱਕ ਅਗਲੀ ਸੂਚਨਾ ਨਹੀਂ ਮਿਲਦੀ, ਉਦੋਂ ਤੱਕ Workers' Compensation Board ਨੂੰ ਉੱਪਰ ਦਿੱਤੇ ਗਏ ਬੈਂਕ ਖਾਤੇ ਵਿੱਚ ਕਰਮਚਾਰੀਆਂ ਦੇ ਭੁਗਤਾਨ ਜਮ੍ਹਾ ਕਰਨ ਦਾ ਅਧਿਕਾਰ ਦਿੰਦਾ ਹਾਂ।

| ਨਿਵੇਦਕ ਦੇ ਹਸਤਾਖਰ | ਪ੍ਰਿੰਟ ਕੀਤਾ ਨਾਮ | ਤਾਰੀਖ਼ | ਟੈਲੀਫੋਨ ਨੰਬਰ |
|---|---|---|---|
| | | | |

# ਅਤਿਰਿਕਤ ਜਾਣਕਾਰੀ

**ਨਿੱਜੀ:**

- ਜੇਕਰ ਤੁਹਾਨੂੰ ਹੋਰ ਜਾਣਕਾਰੀ ਦੀ ਲੋੜ ਹੈ ਤਾਂ ਸਾਡੇ ਦਾਅਵਾ ਸੰਪਰਕ ਕੇਂਦਰ ਨੂੰ ਫੋਨ ਕਰੋ: ਕਿਰਪਾ ਕਰਕੇ ਜਦੋਂ ਤੁਸੀਂ ਫੋਨ ਕਰੋ ਤਾਂ ਆਪਣੀ ਦਾਅਵਾ ਸੰਖਿਆ ਤਿਆਰ ਰੱਖੋ:

| | | | |
|---|---|---|---|
| ਐਡਮੰਟਨ: | 780-498-3999 | ਐਲਬਰਟਾ ਵਿੱਚ ਮੁਫਤ(ਟੋਲ ਫ੍ਰੀ): | 1-866-922-9221 |
| ਕਾਲਗਰੀ: | 403-517-6000 | ਐਲਬਰਟਾ ਦੇ ਬਾਹਰ ਮੁਫਤ(ਟੋਲ ਫ੍ਰੀ): | 1-800-661-9608 |

- ਇਸ ਫਾਰਮ ਤੇ ਲਈ ਗਈ ਨਿੱਜੀ ਜਾਣਕਾਰੀ ਤੁਹਾਡੇ ਬੈਂਕ ਖਾਤੇ ਵਿੱਚ ਭੁਗਤਾਨਾਂ ਨੂੰ ਸਿੱਧੇ ਜਮ੍ਹਾ ਕਰਨ ਲਈ ਇਸਤੇਮਾਲ ਕੀਤੀ ਜਾਂਦੀ ਹੈ। ਨਿੱਜੀ ਜਾਣਕਾਰੀ ਦਾ ਇਹ ਸੰਗ੍ਰਹਿ ਜਾਣਕਾਰੀ ਦੀ ਸੁਤੰਤਰਤਾ ਅਤੇ ਗੁਪਤਤਾ ਦੀ ਸੁਰੱਖਿਆ (FOIP) ਅਧਿਨਿਯਮ ਦੀ ਧਾਰਾ 33(c) ਦੇ ਅਧੀਨ ਅਧਿਕਾਰਤ ਕੀਤਾ ਗਿਆ ਹੈ। ਇਸ ਨਿੱਜੀ ਜਾਣਕਾਰੀ ਦੀ ਗੁਪਤਤਾ ਨੂੰ FOIP ਅਧਿਨਿਯਮ ਦੇ ਭਾਗ 2 ਦੇ ਅਧੀਨ ਸੁਰੱਖਿਅਤ ਕੀਤਾ ਗਿਆ ਹੈ।
- ਇਹ ਸੇਵਾ ਤੁਹਾਡੇ ਭੁਗਤਾਨ ਨੂੰ ਕੈਨੇਡਾ ਦੀ ਕਿਸੇ ਵੀ ਵਿੱਤੀ ਸੰਸਥਾ ਵਿੱਚ ਤੁਹਾਡੇ ਖਾਤੇ ਵਿੱਚ ਜਮ੍ਹਾ ਕਰਨ ਦੀ ਅਨੁਮਤੀ ਦੇਵੇਗੀ ਪਰ ਇਹ RRSP ਖਾਤਿਆਂ ਵਿੱਚ ਜਮ੍ਹਾ ਲਈ ਉਪਲਬਧ ਨਹੀਂ ਹੈ।
- WCB ਨੂੰ ਦਸਤਾਵੇਜ਼ ਪ੍ਰਾਪਤ ਹੋਣ ਦੀ ਤਾਰੀਖ ਤੋਂ ਬਾਅਦ ਅਰਜੀ ਦੀ ਪ੍ਰਕਿਰਿਆ ਕਰਨ ਲਈ ਲਗਭਗ 2 ਹਫਤੇ ਦਿਓ।

**ਪੂਰੀ ਕੀਤੀ ਅਰਜੀ ਫੈਕਸ ਕਰੋ:** 780-498-7776 ਜਾਂ ਡਾਕ ਰਾਹੀਂਇੱਥੇ ਭੇਜੋ:
1-800-661-1993 (ਮੁਫਤ)

The Workers' Compensation Board - Alberta
PO Box 2415
Edmonton AB T5J 2S5

## ਬੈਂਕਿੰਗ ਜਾਣਕਾਰੀ: ਭੁਗਤਾਨ ਕੇਵਲ ਕੈਨੇਡੀਅਨ ਵਿੱਤੀ ਸੰਸਥਾਵਾਂ ਨੂੰ ਕੀਤੇ ਜਾ ਸਕਦੇ ਹਨ।

- ਜੇਕਰ ਵੋਇਡ ਚੈਕ ਤੁਹਾਡੇ ਨਾਂ ਅਤੇ ਪਤੇ ਨਾਲ ਪਹਿਲਾਂ ਪ੍ਰਿੰਟ ਨਹੀਂ ਕੀਤਾ ਹੋਇਆ ਹੈ, ਤਾਂ ਬੈਂਕ ਦੇ ਕਿਸੇ ਅਫਸਰ ਵੱਲੋਂ ਖਾਤੇ ਦੇ ਨਾਮ ਦੀ ਪਛਾਣ ਕਰਦੇ ਹੋਏ, ਖਾਤਾ ਸੰਖਿਆ ਅਤੇ ਹਸਤਾਖਰ ਕਰਨ ਵਾਲੇ ਅਫਸਰ ਦੇ ਨਾਮ ਦੀ ਪੁਸ਼ਟੀ ਕਰਦੇ ਹੋਏ ਹਸਤਾਖਰ ਕੀਤਾ ਹੋਇਆ ਅਤੇ ਮੁਹਰ ਲਗਾਇਆ ਹੋਇਆ ਬੈਂਕ ਵੱਲੋਂ ਪਹਿਲਾਂ ਪ੍ਰਿੰਟ ਕੀਤੇ ਇੱਕ ਦਸਤਾਵੇਜ਼ ਦੀ ਲੋੜ ਹੈ।
- ਕਿਰਪਾ ਕਰਕੇ ਯਕੀਨੀ ਬਣਾਓ ਕਿ ਤੁਹਾਡੀ ਵਿੱਤੀ ਸੰਸਥਾ ਜਾਂ ਬੈਂਕ ਖਾਤੇ ਵਿੱਚ ਕੋਈ ਵੀ ਬਦਲਾਵ ਹੰਦਾ (ਹੁੰਦੇ) ਹਨ ਤਾਂ ਇਹ ਤੁਰੰਤ Workers' Compensation Board ਨੂੰ ਸੂਚਿਤ ਕੀਤੇ ਜਾਂਦੇ ਹਨ।
- ਤੁਹਾਡੀ ਸਿੱਧਾ ਜਮ੍ਹਾ ਬੇਨਤੀ ਉਦੋਂ ਤੱਕ ਪ੍ਰਭਾਵੀ ਰਹੇਗੀ ਜਦੋਂ ਤੱਕ ਤੁਸੀਂ ਆਪਣੀ ਜਾਣਕਾਰੀ ਨੂੰ ਨਹੀਂ ਬਦਲਦੇ ਜਾਂ ਸੇਵਾ ਨੂੰ ਰੱਦ ਨਹੀਂ ਕਰਦੇ। ਇਹ ਕੇਵਲ ਇਸ ਫਾਰਮ ਤੇ ਤੁਹਾਡੇ ਵੱਲੋਂ ਦਿੱਤੀ ਗਈ ਦਾਅਵਾ ਸੰਖਿਆ ਤੇ ਹੀ ਨਹੀਂ, ਬਲਕਿ ਸਾਰੇ ਪਿਛਲੇ ਅਤੇ ਨਵੇਂ ਦਾਅਵਿਆਂ ਤੇ ਵੀ ਲਾਗੂ ਹੈ।

## ਜੀਵਨਸਾਥੀ/ਸਰਪਰਸਤ/ਟ੍ਰਸਟੀ:

ਜੀਵਨਸਾਥੀ, ਮਾਤਾ ਪਿਤਾ ਜਾਂ ਕਾਨੂੰਨੀ ਸਰਪਰਸਤ ਨੂੰ ਕਰਮਚਾਰੀ ਦੇ ਵਿੱਤੀ ਮਾਮਲਿਆਂ ਤੱਕ ਸਵੈਚਾਲਤ ਪਹੁੰਚ ਜਾਂ ਇਹਨਾਂ ਨਾਲ ਵਿਹਾਰ ਕਰਨ ਦਾ ਅਧਿਕਾਰ ਨਹੀਂ ਹੈ, ਭਾਵੇਂ ਕਰਮਚਾਰੀ ਨਾਬਾਲਗ ਹੋਵੇ। ਜੇਕਰ ਇਹ ਅਰਜੀ ਕਰਮਚਾਰੀ ਦੇ ਵੱਲੋਂ ਕਰਮਚਾਰੀ ਦੇ ਖਾਤੇ ਤੱਕ ਪਹੁੰਚ ਪ੍ਰਾਪਤ ਕਰਨ ਲਈ ਪੂਰੀ ਕੀਤੀ ਜਾ ਰਹੀ ਹੈ, ਤਾਂ ਤੁਹਾਨੂੰਲਾਜ਼ਮੀ ਤੌਰ ਤੇ ਇਹਨਾਂ ਵਿੱਚੋਂ ਇੱਕ ਪ੍ਰਦਾਨ ਕਰਨਾ ਪਏਗਾ:

1. ਤੁਹਾਡੇ ਅਧਿਕਾਰ ਦੀ ਅਨੁਮਤੀ ਪ੍ਰਦਾਨ ਕਰਨ ਵਾਲੇ ਤੁਹਾਡੇ ਦਸਤਾਵੇਜ਼ਾਂ ਦੀ ਕਾਪੀ ਜਿਵੇਂ ਕਰਮਚਾਰੀ ਵੱਲੋਂ ਪਾਵਰ ਆਫ ਅਟੌਰਨੀ (ਐਨਡਿਉਰਿੰਗ ਪਾਵਰ ਆਫ ਅਟਾਰਨੀ ਸਮੇਤ) (ਕਿਰਪਾ ਕਰਕੇ ਧਿਆਨ ਦਿਓ ਕਿ ਦੋਵੇਂ ਦਸਤਾਵੇਜ਼ਾਂ ਤੇ ਕਰਮਚਾਰੀ ਵੱਲੋਂ ਹਸਤਾਖਰ ਕੀਤੇ ਜਾਣੇ ਲਾਜ਼ਮੀ ਹਨ ਜਦਕਿ ਉਹਨਾਂ ਕੋਲ ਕਾਨੂੰਨੀ ਅਧਿਕਾਰ ਹੁੰਦਾ ਹੈ ਅਤੇ ਸਟੈਂਡਰਡ ਪਾਵਰ ਆਫ ਅਟਾਰਨੀ ਖਤਮ ਹੋ ਜਾਂਦੀ ਹੈ ਜਦੋਂ ਕਰਮਚਾਰੀ ਕਾਨੂੰਨੀ ਅਧਿਕਾਰ ਛੱਡ ਦਿੰਦਾ ਹੈ)।
2. ਕਰਮਚਾਰੀ ਲਈ ਟ੍ਰਸਟੀਸ਼ਿਪ ਆਰਡਰ।

## ਤੁਹਾਡੇ ਜੋ ਸੁਆਲ ਹੋ ਸਕਦੇ ਹਨ...

**ਤਦ ਕੀ ਹੋਵੇਗਾ ਜੇਕਰ WCB ਨਾਲ ਮੇਰੇ ਇੱਕ ਤੋਂ ਵੱਧ ਦਾਅਵੇ ਹੋਣ?**
ਜੇਕਰ ਤੁਹਾਡਾ ਕੋਈ ਪੈਂਸ਼ ਦਾਅਵਾ ਹੈ ਅਤੇ ਤੁਸੀਂ ਇਲੈਕਟ੍ਰੋਨਿਕ ਫੰਡਸ ਟ੍ਰਾਂਸਫਰ ਰਾਹੀਂ ਭੁਗਤਾਨ ਪ੍ਰਾਪਤ ਕਰਨ ਵਾਲੇ ਕਰਮਚਾਰੀ ਹੋ ਅਤੇ ਹੁਣ ਤੁਹਾਡੇ ਕੋਲ ਇੱਕ ਨਵਾਂ ਦਾਅਵਾ ਹੈ, ਤਾਂ ਕੋਈ ਵੀ ਨਵੇਂ ਭੁਗਤਾਨਾਂ ਦੀ ਅਦਾਇਗੀ ਤੁਹਾਡੇ ਬੈਂਕ ਖਾਤੇ ਵਿੱਚ ਇਲੈਕਟ੍ਰੋਨਿਕ ਫੰਡਸ ਟ੍ਰਾਂਸਫਰ ਰਾਹੀਂ ਸਵੈਚਾਲਤ ਰੂਪ ਨਾਲ ਕੀਤੀ ਜਾਵੇਗੀ। ਜੇਕਰ ਤੁਸੀਂ ਆਪਣੇ ਪੈਂਸ਼ਨ ਭੁਗਤਾਨ ਦੇ ਤੌਰ ਤੇਆਪਣੇ ਨਵੇਂ ਦਾਅਵੇ ਤੋਂਭੁਗਤਾਨ ਉਸੇ ਬੈਂਕ ਖਾਤੇ ਵਿੱਚ ਨਹੀਂ ਚਾਹੁੰਦੇ ਹੋ, ਤਾਂ ਅਸੀਂ ਤੁਹਾਡੇ ਪੈਂਸ਼ਨ ਭੁਗਤਾਨਾਂ ਲਈ ਇਲੈਕਟ੍ਰੋਨਿਕ ਫੰਡਸ ਟ੍ਰਾਂਸਫਰ ਵਿਕਲਪ ਦੀ ਪੇਸ਼ਕਸ਼ ਨੂੰ ਜਾਰੀ ਨਹੀਂ ਰੱਖ ਸਕਦੇ।

**ਜੀਵਨਸਾਥੀ ਅਤੇ ਸਰਪਰਸਤਾਂ ਸਮੇਤ, ਕਿਸੇ ਤੀਜੀ ਪਾਰਟੀ ਨੂੰ ਦਾਅਵਾ ਭੁਗਤਾਨ ਕਿਵੇਂ ਕੀਤੇ ਜਾਂਦੇ ਹਨ?**
ਅਸੀਂ ਜੀਵਨਸਾਥੀ ਅਤੇ ਸਰਪਰਸਤਾਂ ਨੂੰ ਭੁਗਤਾਨ ਕਰੀਏ, ਇਸ ਲਈ ਸਾਨੂੰ ਜਾਂ ਤਾਂ ਇੱਕ 'ਪਾਵਰ ਆਫ ਅਟਾਰਨੀ' ਜਾਂ ਇੱਕ 'ਟ੍ਰਸਟੀਸ਼ਿਪ ਆਰਡਰ' ਦੇ ਕਾਨੂੰਨੀ ਦਸਤਾਵੇਜ਼ਲਾਜ਼ਮੀ ਤੌਰ ਤੇ ਪ੍ਰਾਪਤ ਹੋਣੇ ਜ਼ਰੂਰੀ ਹਨ। ਉਹ ਸਿੱਧਾ ਜਮ੍ਹਾ ਬੇਨਤੀ/ਕਰਮਚਾਰੀ/ਜੀਵਨਸਾਥੀ/ਆਸ਼ਰਿਤ ਬੱਚਾ/ਟ੍ਰਸਟੀ ਲਈ ਬਦਲਾਵ ਫਾਰਮ (C-078) ਭਰਨਗੇ ਅਤੇ ਨਾਲ ਪਾਵਰ ਆਫ ਅਟਾਰਨੀ ਜਾਂ ਟ੍ਰਸਟੀਸ਼ਿਪ ਆਰਡਰ ਦੀ ਕਾਪੀ ਨੱਥੀ ਕਰਨਗੇ।

**ਜੇਕਰ ਮੈਂ ਜੀਵਨਸਾਥੀ ਹਾਂ ਅਤੇ ਸੱਟ ਲੱਗਣ ਵਾਲੀ ਪਾਰਟੀ ਨੂੰ ਸੇਵਾ ਪ੍ਰਦਾਨ ਕਰ ਰਿਹਾ ਹਾਂ, ਤਾਂ ਕੀ ਮੈਂ ਇਲੈਕਟ੍ਰੋਨਿਕ ਫੰਡਸ ਟ੍ਰਾਂਸਫਰ (EFT) ਰਾਹੀਂ ਭੁਗਤਾਨ ਪ੍ਰਾਪਤ ਕਰ ਸਕਦਾ ਹਾਂ?**
ਹਾਂ ਤੁਸੀਂ ਕਰ ਸਕਦੇ ਹੋ। ਆਪਣੀ ਬੈਂਕਿੰਗ ਜਾਣਕਾਰੀ ਨਾਲ ਸਿੱਧਾ ਜਮ੍ਹਾ ਬੇਨਤੀ/ਕਰਮਚਾਰੀ/ਜੀਵਨਸਾਥੀ/ਆਸ਼ਰਿਤ ਬੱਚਾ/ਟ੍ਰਸਟੀ ਲਈ ਬਦਲਾਵ ਫਾਰਮ C-078 ਭਰੋ ਅਤੇ ਤੁਹਾਡੀਆਂ ਸੇਵਾਵਾਂ ਲਈ ਅਸੀਂ ਇਲੈਕਟ੍ਰੋਨਿਕ ਫੰਡਸ ਟ੍ਰਾਂਸਫਰ ਰਾਹੀਂ ਭੁਗਤਾਨ ਕਰਾਂਗੇ।

**ਜੇਕਰ ਮੇਰਾ ਇੱਕ ਸੰਯੁਕਤ ਖਾਤਾ ਹੈ, ਤਾਂ ਕੀ ਮੈਂ EFT ਰਾਹੀਂ ਭੁਗਤਾਨ ਪ੍ਰਾਪਤ ਕਰ ਸਕਦਾ ਹਾਂ?**
ਹਾਂ ਤੁਸੀਂ ਕਰ ਸਕਦੇ ਹੋ। ਸਿੱਧਾ ਜਮ੍ਹਾ ਬੇਨਤੀ/ਕਰਮਚਾਰੀ/ਜੀਵਨਸਾਥੀ/ਆਸ਼ਰਿਤ ਬੱਚਾ/ਟ੍ਰਸਟੀ ਲਈ ਬਦਲਾਵ ਫਾਰਮ C-078 ਭਰੋ ਅਤੇ ਤੁਹਾਡੇ ਬੈਂਕ ਵੱਲੋਂ ਪਹਿਲਾਂ ਪ੍ਰਿੰਟ ਕੀਤੇ ਦੋਵਾਂ ਪਾਰਟੀਆਂ ਦੇ ਨਾਵਾਂ ਵਾਲਾ ਇੱਕ void ਚੈਕ ਨੱਥੀ ਕਰੋ।

**EFT ਭੁਗਤਾਨਾਂ ਲਈ ਕਿਹੜੇ ਭੁਗਤਾਨ ਵਿਕਲਪ ਇਸਤੇਮਾਲ ਨਹੀਂ ਕੀਤੇ ਜਾ ਸਕਦੇ ਹਨ?**
ਇਹਨਾਂ ਨੂੰ ਭੁਗਤਾਨ ਜਾਰੀ ਨਹੀਂ ਕੀਤੇ ਜਾ ਸਕਦੇ:

- ਵੱਖ ਖਾਤਿਆਂ ਵਿੱਚ (ਉਦਾਹਰਨ ਲਈ ਇੱਕ ਚਾਲੂ ਖਾਤੇ ਨੂੰ ਜਾਰੀ ਕੀਤਾ ਕੁਝ ਹਿੱਸਾ ਅਤੇ ਦੂਜੇ ਚਾਲੂ ਜਾਂ ਬਚਤ ਖਾਤੇ ਵਿੱਚ ਦੂਜੇ ਹਿੱਸੇ ਦਾ ਭੁਗਤਾਨ)
- ਜਦੋਂ ਤੁਹਾਡੇ ਭੁਗਤਾਨ ਦਾ ਇੱਕ ਭਾਗ ਕਿਤੇ ਹੋਰ ਭੇਜਣ ਦੀ ਲੋੜ ਹੋਵ
- ਇੱਕ ਭਾਗ EFT ਦੇ ਤੌਰ ਤੇ ਭੁਗਤਾਨ ਕੀਤਾ ਜਾਵੇ ਅਤੇ ਬਾਕੀ ਭਾਗ ਇੱਕ ਚੈਕ ਦੇ ਤੌਰ ਤੇ ਭੁਗਤਾਨ ਕੀਤਾ ਜਾਵੇ।
- ਦੇਸ਼ ਤੋਂ ਬਾਹਰ ਕਿਸੇ ਬੈਂਕ ਖਾਤੇ ਵਿੱਚ।

**ਜੇਕਰ ਮੈਂ ਸਿੱਧੇ ਜਮ੍ਹਾ ਲਈ ਸਾਈਨ ਅੱਪ ਕਰਾਂ, ਤਾਂ ਮੈਂ ਕਿਵੇਂ ਯਕੀਨ ਕਰ ਸਕਦਾ ਹਾਂ ਕਿ ਕਿਸੇ ਹੋਰ ਦੀ ਮੇਰੇ ਖਾਤੇ ਤੱਕ ਪਹੁੰਚ ਨਹੀਂ ਹੋਵੇਗੀ?**
ਤੁਹਾਡੀ ਬੈਂਕਿੰਗ ਜਾਣਕਾਰੀ WCB ਕੋਲ ਸੁਰੱਖਿਅਤ ਹੈ। ਸਿੱਧੇ ਜਮ੍ਹਾ ਰਾਹੀਂ ਤੁਹਾਡੇ ਧਨ ਨੂੰ ਪ੍ਰਾਪਤ ਕਰਨਾ ਅਸਲ ਵਿੱਚ ਚੈਕ ਨਾਲ ਭੁਗਤਾਨ ਕੀਤੇ ਜਾਣ ਦੇ ਮੁਕਾਬਲੇ ਵੱਧ ਭਰੋਸੇਯੋਗ ਅਤੇ ਗੁਪਤ ਹੈ ਕਿਉਂਕਿ ਡਿਲੀਵਰੀ ਅਤੇ ਤੁਹਾਡੇ ਦਾਅਵਾ ਭੁਗਤਾਨ ਦੇ ਜਮ੍ਹਾ ਵਿੱਚ ਕੁਝ ਉਪਾਅ ਸ਼ਾਮਿਲ ਕੀਤੇ ਜਾਂਦੇ ਹਨ। ਅਸੀਂ ਨਿਯਮਿਤ ਰੂਪ ਨਾਲ ਗੁਪਤ ਜਾਣਕਾਰੀ ਪ੍ਰਾਪਤ ਕਰਦੇ ਹਾਂ ਅਤੇ ਉਸਨੂੰ ਸੁਰੱਖਿਅਤ ਰੱਖਦੇ ਹਾਂ। ਤੁਹਾਡੇ ਖਾਤੇ ਤੱਕ ਸਾਡੀ ਪਹੁੰਚ ਕੇਵਲ ਭੁਗਤਾਨਾਂ ਨੂੰ ਜਮ੍ਹਾ ਕਰਨ ਲਈ ਸੀਮਿਤ ਹੈ। ਕੇਵਲ ਤੁਸੀਂ ਹੀ ਆਪਣੇ ਖਾਤੇ ਵਿੱਚੋਂ ਅਧਿਕਾਰਤ ਨਿਕਾਸੀਆਂ ਕਰ ਸਕਦੇ ਹੋ।

**ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੇਰਾ ਦਾਅਵਾ ਭੁਗਤਾਨ ਜਮ੍ਹਾ ਕੀਤਾ ਗਿਆ ਹੈ?**
ਤੁਹਾਡੀ ਬੈਂਕ ਸਟੇਟਮੈਂਟ ਸੰਕੇਤ ਦੇਵੇਗੀ ਕਿ ਤੁਹਾਡੇ ਖਾਤੇ ਵਿੱਚ ਇੱਕ ਇਲੈਕਟ੍ਰੋਨਿਕ ਭੁਗਤਾਨ ਕੀਤਾ ਗਿਆ ਹੈ। ਤੁਹਾਨੂੰ WCB ਵੱਲੋਂ ਪ੍ਰਕਿਰਿਆ ਕੀਤੇ ਭੁਗਤਾਨਾਂ ਲਈ ਲਗਾਤਾਰ ਇੱਕ WCB ਸੂਚਨਾ ਸਟੇਟਮੈਂਟ ਪ੍ਰਾਪਤ ਹੋ ਸਕਦੀ ਹੈ। ਨਿਯਮਿਤ ਨਿਰਧਾਰਿਤ ਭੁਗਤਾਨ ਜਿਵੇਂ ਪੈਂਸ਼ਨ, ਆਰਥਿਕ ਹਾਨੀ ਜਾਂ ਆਮਦਨੀ ਹਾਨੀ ਭੁਗਤਾਨਾਂ ਲਈ ਕੋਈ ਸੂਚਨਾ ਜਾਰੀ ਨਹੀਂ ਕੀਤੀ ਜਾਏਗੀ।

**ਮੈਂ ਸਾਈਨ ਅੱਪ ਕਿਵੇਂ ਕਰ ਸਕਦਾ ਹਾਂ?**
ਸਿਰਫ਼ "ਸਿੱਧਾ ਜਮ੍ਹਾ ਬੇਨਤੀ/ਕਰਮਚਾਰੀ/ਜੀਵਨਸਾਥੀ/ਆਸ਼ਰਿਤ ਬੱਚਾ/ਟ੍ਰਸਟੀ ਲਈ ਬਦਲਾਵ" ਫਾਰਮ (C078) ਭਰੋ ਅਤੇ ਇਸ ਨੂੰ ਸਿੱਧੇ WCB ਨੂੰ ਭੇਜੋ। ਇਹ ਫਾਰਮ ਸਾਡੀ ਵੈਬ ਸਾਈਟ www.wcb.ab.ca ਤੇ ਜਾਂ ਸਾਡੇ ਦਫਤਰ ਵਿੱਚ ਉਪਲਬਧ ਹਨ: WCB Edmonton
9912- 107 Street
Edmonton AB T5K 1G5.

**ਜੇਕਰ ਸਿੱਧਾ ਜਮ੍ਹਾ ਪ੍ਰਕਿਰਿਆ ਫੇਲ ਹੋ ਜਾਂਦੀ ਹੈ ਤਾਂ ਕੀ ਹੁੰਦਾ ਹੈ?**
ਜੇਕਰ ਕੋਈ ਬੈਂਕ ਖਾਤਾ ਹੁਣ ਤੋਂ ਬਾਅਦ ਖੁੱਲਾ ਨਹੀਂ ਹੈ, ਜਾਂ ਸਾਡੇ ਕੋਲ ਜੋ ਖਾਤਾ ਨੰਬਰ ਹੈ ਉਹ ਗਲਤ ਹੈ, ਸਿੱਧਾ ਜਮ੍ਹਾ ਪ੍ਰਕਿਰਿਆ ਫੇਲ ਹੋ ਸਕਦੀ ਹੈ। ਇਸ ਸਥਿਤੀ ਵਿੱਚ ਅਸੀਂ ਤੁਹਾਨੂੰ ਇੱਕ ਚੈਕ, ਸਪਸ਼ਟੀਕਰਨ ਦਾ ਇੱਕ ਪੱਤਰ ਅਤੇ ਤੁਹਾਡੀ ਅਸਲ ਜਾਣਕਾਰੀ ਭੇਜਾਂਗੇ।

**ਕੀ ਇਸ ਸੇਵਾ ਲਈ WCB ਕੋਈ ਫੀਸ ਲੈਂਦਾ ਹੈ?**
ਬਿਲਕੁਲ ਨਹੀਂ। ਇਹ ਸੁਵਿਧਾ ਸੇਵਾ WCB ਵੱਲੋਂ ਬਿਨਾਂ ਕਿਸੇ ਫੀਸ ਦੇ ਪ੍ਰਦਾਨ ਕੀਤੀ ਜਾਂਦੀ ਹੈ।